USDA ਯੁਨਾਈਟੇਡ ਸਟੇਟਸ ਖੇਤੀਬਾੜੀ ਵਿਭਾਗ
(United States Department of Agriculture)

ਫਾਰਮ ਸਰਵਿਸ ਏਜੰਸੀ

# CRP ਘਾਹ ਕਟਣਾ ਅਤੇ ਚਰਾਉਣਾ
## ਐਮਰਜੈਂਸੀ ਅਤੇ ਗੈਰ-ਐਮਰਜੈਂਸੀ ਵਰਤੋਂ

### ਸੰਖੇਪ

**U.S. ਖੇਤੀਬਾੜੀ ਵਿਭਾਗ** (USDA) ਫਾਰਮ ਸੇਵਾ ਏਜੰਸੀ (FSA) **ਕੰਜ਼ਰਵੇਸ਼ਨ ਰਿਜ਼ਰਵ ਪ੍ਰੋਗਰਾਮ** (CRP), ਸੰਘੀ ਦੁਆਰਾ ਫੰਡ ਕੀਤਾ ਸਵੈਇੱਛਤ ਪ੍ਰੋਗਰਾਮ ਜੋ ਖੇਤੀਬਾੜੀ ਉਤਪਾਦਕਾਂ ਨਾਲ ਇਕਰਾਰਨਾਮਾ ਕਰਦੀ ਹੈ ਤਾਂ ਕਿ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤੀਬਾੜੀ ਦੀ ਜ਼ਮੀਨ ਤੇ ਖੇਤੀ ਜਾਂ ਪਸ਼ੂ ਪਾਲਣ ਨਾ ਕੀਤਾ ਜਾਵੇ, ਸਗੋਂ ਇਸ ਦੀ ਬਜਾਏ ਇਸ ਦੀ ਵਰਤੋਂ ਸੰਭਾਲ (ਕੰਜ਼ਰਵੇਸ਼ਨ) ਲਾਭਾਂ ਲਈ ਕੀਤੀ ਜਾਵੇ। ਮਿੱਟੀ ਦੀ ਕਟਾਈ ਨੂੰ ਨਿਯੰਤਰਿਤ ਕਰਨ, ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਜੰਗਲੀ ਜੀਵਨ ਦੇ ਆਸਰੇ ਵਿਕਸਤ ਕਰਨ ਲਈ ਭਾਗੀਦਾਰ ਲੰਬੀ ਮਿਆਦ ਦੇ, ਸਰੋਤ-ਸੰਭਾਲ ਪੌਦਿਆਂ ਦੀਆਂ ਕਿਸਮਾਂ ਲਗਾਉਣ, ਜਿਵੇਂ ਕਿ ਪ੍ਰਵਾਨਿਤ ਘਾਹ ਜਾਂ ਦਰਖ਼ਤ ("ਕਵਰ" ਵਜੋਂ ਜਾਣੇ ਜਾਂਦੇ ਹਨ)। ਬਦਲੇ ਵਿੱਚ, FSA ਭਾਗੀਦਾਰਾਂ ਨੂੰ ਕਿਰਾਏ ਦਾ ਭੁਗਤਾਨ ਅਤੇ ਲਾਗਤ-ਸਾਂਝ ਮਦਦ ਪ੍ਰਦਾਨ ਕਰਦਾ ਹੈ। ਇਕਰਾਰਨਾਮੇ ਦੀ ਮਿਆਦ 10 ਅਤੇ 15 ਸਾਲ ਦੇ ਵਿਚਕਾਰ ਹੈ। 1985 ਦਾ ਖੁਰਾਕ ਸੁਰੱਖਿਆ ਐਕਟ, ਜਿਵੇਂ ਸੋਧਿਆ ਗਿਆ ਹੈ, CRP ਨੂੰ ਅਧਿਕਾਰਤ ਕਰਦਾ ਹੈ। ਪ੍ਰੋਗਰਾਮ 7 CFR ਭਾਗ 1410 ਵਿੱਚ ਪ੍ਰਕਾਸ਼ਤ ਨਿਯਮਾਂ ਦੁਆਰਾ ਵੀ ਨਿਯੰਤ੍ਰਿਤ ਕੀਤਾ ਜਾਂਦਾ ਹੈ। ਪ੍ਰੋਗਰਾਮ ਨੂੰ USDA ਦੇ ਕਮੋਡਿਟੀ ਕ੍ਰੈਡਿਟ ਕਾਰਪੋਰੇਸ਼ਨ ਦੀ ਤਰਫੋਂ FSA ਦੁਆਰਾ ਲਾਗੂ ਕੀਤਾ ਗਿਆ ਹੈ।

CRP ਏਕੜਾਂ ਦੀ ਘਾਹ ਕਟਾਈ ਅਤੇ ਉਸ ਤੇ ਪਸ਼ੂ ਚਰਾਉਣਾ CRP ਕਵਰ ਦੀ ਗੁਣਵੱਤਾ ਅਤੇ ਕਾਰਜਕੁਸ਼ਲਤਾ ਵਿੱਚ ਸੁਧਾਰ ਕਰਨ ਜਾਂ ਕੁਝ ਕੁਦਰਤੀ ਆਪਦਾਵਾਂ ਕਾਰਨ ਪਸ਼ੂਧਨ ਉਤਪਾਦਕਾਂ ਨੂੰ ਐਮਰਜੈਂਸੀ ਰਾਹਤ ਪ੍ਰਦਾਨ ਕਰਨ ਲਈ ਕੁਝ ਸ਼ਰਤਾਂ ਅਧੀਨ ਅਧਿਕਾਰਤ ਹੈ। ਦੋ ਕਿਸਮ ਦੀਆਂ ਘਾਹ ਕੱਟਣ ਅਤੇ ਚਰਾਉਣ ਦੇ ਅਧਿਕਾਰ ਹਨ: ਗੈਰ-ਐਮਰਜੈਂਸੀ ਅਤੇ ਐਮਰਜੈਂਸੀ।

### ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣਾ

CRP ਏਕੜਾਂ ਦਾ ਐਮਰਜੈਂਸੀ ਵਿੱਚ ਘਾਹ ਕਟਾਈ ਅਤੇ ਪਸ਼ੂ ਚਰਾਉਣਾ ਦੀ ਅਧਿਕਾਰਤਾ ਗੰਭੀਰ ਸੋਕੇ ਜਾਂ ਸਮਾਨ ਰੂਪ ਵਿੱਚ ਕੁਦਰਤੀ ਤਬਾਹੀ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਪਸ਼ੂਧਨ ਉਤਪਾਦਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਹੈ ਐਮਰਜੈਂਸੀ ਵਿੱਚ ਘਾਹ ਕਟਾਈ ਅਤੇ ਚਰਾਉਣ ਦੀ ਸਥਿਤੀ ਦੀ U.S. ਸੋਕਾ ਨਿਗਰਾਨੀ ਦੀ ਵਰਤੋਂ ਕਰਦਿਆਂ ਹਰ ਵੀਰਵਾਰ ਨੂੰ ਸਮੀਖਿਆ ਅਤੇ ਅਧਿਕਾਰਤ ਕੀਤੀ ਜਾਂਦੀ ਹੈ। ਕਾਉਂਟੀਆਂ ਨੂੰ ਕਾਉਂਟੀ ਤੋਂ ਕਾਉਂਟੀ ਦੇ ਅਧਾਰ ਤੇ ਸੋਕੇ ਦੀ ਸਥਿਤੀ ਕਾਰਨ ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ, ਜਦੋਂ ਕਿਸੇ ਕਾਉਂਟੀ ਨੂੰ U.S. ਸੋਕਾ ਨਿਗਰਾਨੀ ਦੇ ਅਨੁਸਾਰ ਪੱਧਰ "ਡੀ 2 ਸੋਕਾ - ਗੰਭੀਰ" ਮੰਨਿਆ ਜਾਂਦਾ ਹੈ। U.S. ਸੋਕਾ ਨਿਗਰਾਨੀ **droughtmonitor.unl.edu** ਤੇ ਆਨਲਾਈਨ ਉਪਲੱਬਧ ਹੈ।

ਕਿਸੇ ਕਾਉਂਟੀ ਲਈ ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਦੀਆਂ ਬੇਨਤੀਆਂ ਵੀ ਪਸ਼ੂਧਨ ਐਮਰਜੈਂਸੀ ਕਾਰਨ FSA ਕਾਉਂਟੀ ਕਮੇਟੀ ਦੁਆਰਾ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ। ਬੇਨਤੀ ਵਿੱਚ ਤਬਾਹੀ ਦੀ ਘਟਨਾ ਕਾਰਨ ਚਾਰੇ ਦੇ ਉਤਪਾਦਨ ਦੇ 40 ਪ੍ਰਤੀਸ਼ਤ ਜਾਂ ਵੱਧ ਦੇ ਨੁਕਸਾਨ ਦਾ ਦਸਤਾਵੇਜ਼ ਹੋਣਾ ਚਾਹੀਦਾ ਹੈ।



**ਪ੍ਰਾਇਮਰੀ ਨੈਸਟਿੰਗ ਮੌਸਮ (ਆਲ੍ਹਣਾ ਬਣਾਉਣ ਦਾ ਮੁੱਖ ਮੌਸਮ)**

ਕਿਸੇ ਕਾਉਂਟੀ ਵਿੱਚ ਸਥਿਤ ਉਤਪਾਦਕ ਜਿਸ ਨੂੰ ਪ੍ਰਾਇਮਰੀ ਨੈਸਟਿੰਗ ਮੌਸਮ ਦੇ ਆਖਰੀ ਦਿਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਗੰਭੀਰ ਸੋਕਾ (D2) ਜਾਂ ਇਸ ਤੋਂ ਵੱਧ ਦੇ ਰੂਪ ਵਿੱਚ ਨਾਮਾਂਕਿਤ ਕੀਤਾ ਜਾਂਦਾ ਹੈ, ਸਾਰੇ ਯੋਗ ਏਕੜਾਂ ਵਿੱਚ ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਦੇ ਯੋਗ ਹੁੰਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਕਾਉਂਟੀਆਂ ਵਿੱਚ ਸਥਿਤ ਉਤਪਾਦਕ ਜੋ ਪ੍ਰਾਇਮਰੀ ਨੈਸਟਿੰਗ ਮੌਸਮ ਦੌਰਾਨ ਕਿਸੇ ਪਸ਼ੂ ਚਾਰਾ ਪ੍ਰੋਗਰਾਮ ਭੁਗਤਾਨ ਦੇ ਯੋਗ ਹਨ, ਸਧਾਰਣ ਸਹਿਣ ਕਰਨ ਦੀ ਸਮਰੱਥਾ ਦੇ ਅੱਧੇ ਤੇ ਐਮਰਜੈਂਸੀ ਚਰਾਉਣ ਦੇ ਯੋਗ ਵੀ ਹੋ ਸਕਦੇ ਹਨ, ਜਦੋਂ ਤੱਕ ਕਿ FSA ਕਾਉਂਟੀ ਕਮੇਟੀ ਇਹ ਨਿਰਧਾਰਿਤ ਨਹੀਂ ਕਰਦੀ ਕਿ ਚਾਰੇ ਦੀਆਂ ਸਥਿਤੀਆਂ ਹੁਣ ਹੋਰ ਐਮਰਜੈਂਸੀ ਚਰਾਉਣ ਦੀ ਮੰਗ ਨਹੀਂ ਕਰਦੀਆਂ।

| ਮਨਜ਼ੂਰ ਕੀਤੀ ਗਤੀਵਿਧੀ | ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਆਵਿਰਤੀ | ਭੁਗਤਾਨ ਘਾਟ ਪ੍ਰਤੀਸ਼ਤਤਾ |
|---|---|---|
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਐਮਰਜੈਂਸੀ ਘਾਹ ਕਟਾਈ | ਉਤਪਾਦਕਾਂ ਕੋਲ ਘਾਹ ਦੀ ਇੱਕ ਕਟਾਈ ਨੂੰ ਪੂਰਾ ਕਰਨ ਲਈ 60 ਦਿਨ ਹੁੰਦੇ ਹਨ | ਕੋਈ ਨਹੀਂ |
| ਪ੍ਰਾਇਮਰੀ ਨੈਸਟਿੰਗ ਮੌਸਮ ਦੌਰਾਨ ਐਮਰਜੈਂਸੀ ਘਾਹ ਕਟਾਈ | ਇਜਾਜ਼ਤ ਨਹੀਂ ਹੈ | |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਐਮਰਜੈਂਸੀ ਚਰਾਉਣਾ | 90 ਦਿਨਾਂ ਤੱਕ ਚਰਾਉਣ ਦੀ ਆਗਿਆ ਹੈ | ਕੋਈ ਨਹੀਂ |
| ਪ੍ਰਾਇਮਰੀ ਨੈਸਟਿੰਗ ਮੌਸਮ ਦੌਰਾਨ ਐਮਰਜੈਂਸੀ ਚਰਾਉਣਾ | ਆਮ ਸਹਿਣ ਕਰਨ ਦੀ ਸਮਰੱਥਾ ਵਿੱਚ 50 ਪ੍ਰਤੀਸ਼ਤ ਦੀ ਘਾਟ, ਸਿਰਫ ਜੇ ਕਾਉਂਟੀ LFP ਭੁਗਤਾਨਾਂ ਲਈ ਯੋਗ ਹੈ | |



### ਯੋਗ ਏਕੜ

ਐਮਰਜੈਂਸੀ ਘਾਹ ਕਟਾਈ ਜਾਂ ਚਰਾਉਣਾ ਯੋਗ ਕਾਉਂਟੀ ਜਾਂ ਕਿਸੇ ਕਾਉਂਟੀ ਦੇ ਹਿੱਸੇ ਦੀ ਹੱਦ ਦੇ ਅੰਦਰ ਭੌਤਿਕ ਤੌਰ ਤੇ ਸਥਿਤ ਏਕੜ ਤੱਕ ਸੀਮਿਤ ਹੈ। ਇਸ ਅਧਿਕਾਰ ਦੇ ਤਹਿਤ, ਏਕੜ ਸਿਰਫ ਇੱਕ ਨਿਰਧਾਰਿਤ ਸਮੇਂ ਲਈ ਅਧਿਕਾਰਤ ਕੀਤੇ ਜਾਣਗੇ ਅਤੇ ਜੇ ਹਾਲਾਤਾਂ ਵਿੱਚ ਸੁਧਾਰ ਹੁੰਦਾ ਹੈ ਤਾਂ ਐਲਾਨ ਕੀਤੇ ਸਮੇਂ ਤੋਂ ਪਹਿਲਾਂ ਖਤਮ ਹੋ ਸਕਦੇ ਹਨ।

ਉਤਪਾਦਕ ਆਪਣੇ ਪਸ਼ੂਧਨ ਲਈ CRP ਰਕਬੇ ਦੀ ਵਰਤੋਂ ਕਰ ਸਕਦੇ ਹਨ ਜਾਂ ਕਿਸੇ ਹੋਰ ਪਸ਼ੂਧਨ ਉਤਪਾਦਕ ਨੂੰ ਆਪਣੇ CRP ਰਕਬੇ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਸਕਦੇ ਹਨ। ਐਮਰਜੈਂਸੀ ਘਾਹ ਕਟਾਈ ਲਈ, ਉਤਪਾਦਕ ਸਿਰਫ ਇੱਕ ਕਟਾਈ ਤੱਕ ਹੀ ਸੀਮਿਤ ਹਨ ਅਤੇ ਉਨ੍ਹਾਂ ਨੂੰ ਕੱਟੀ ਹੋਈ ਘਾਹ ਨੂੰ ਵੇਚਣ ਦੀ ਆਗਿਆ ਹੈ। ਭਾਗੀਦਾਰਾਂ ਨੂੰ ਲਾਜ਼ਮੀ ਤੌਰ ਤੇ ਬੇਲਿੰਗ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਸਾਰੀ ਘਾਹ ਕਟਾਈ ਨੂੰ CRP ਰਕਬੇ ਤੋਂ ਹਟਾ ਦੇਣੀ ਚਾਹੀਦੀ ਹੈ ਅਤੇ ਐਮਰਜੈਂਸੀ ਚਰਾਉਣ ਦੀ ਮਿਆਦ ਦੇ ਖਤਮ ਹੋਣ ਤੋਂ ਬਾਅਦ 1 ਦਿਨ ਤੋਂ ਵੱਧ ਸਮਾਂ ਨਹੀਂ, ਦੇ ਅੰਦਰ CRP ਰਕਬੇ ਵਿਚੋਂ ਸਾਰੇ ਪਸ਼ੂਧਨ ਨੂੰ ਹਟਾ ਦੇਣਾ ਚਾਹੀਦਾ ਹੈ।

### ਯੋਗ ਅਭਿਆਸ

ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਦਾ ਕੰਮ ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਦੇ ਸਾਰੇ ਅਭਿਆਸਾਂ ਤੇ ਅਧਿਕਾਰਤ ਹੈ ਜਿਨ੍ਹਾਂ ਵਿੱਚ ਰਾਜ ਦੇ ਏਕੜ ਫਾਰ ਵਾਈਲਡਲਾਈਫ ਇਨਹਾਂਸਮੈਂਟ (SAFE) ਅਧੀਨ ਲਾਗੂ ਕੀਤੇ ਜਾਂਦੇ ਅਭਿਆਸ ਸ਼ਾਮਲ ਹਨ, ਜਿਵੇਂ ਕਿ CP38E SAFE-Grass, ਜਦੋਂ ਅਜਿਹੀਆਂ ਗਤੀਵਿਧੀਆਂ ਨੂੰ SAFE ਇਕਰਾਰਨਾਮੇ ਵਿੱਚ ਵਿਸ਼ੇਸ਼ ਤੌਰ ਤੇ ਅਧਿਕਾਰਤ ਕੀਤਾ ਜਾਂਦਾ ਹੈ।

ਜੇ ਕਾਉਂਟੀ ਨੂੰ ਪਸ਼ੂਧਨ ਚਾਰਾ ਪ੍ਰੋਗਰਾਮ (LFP) ਭੁਗਤਾਨਾਂ ਲਈ ਪ੍ਰਵਾਨਗੀ ਦਿੱਤੀ ਗਈ ਹੈ, ਤਾਂ ਯੋਗ ਏਕੜਾਂ ਦੇ 50 ਪ੍ਰਤੀਸ਼ਤ ਤੇ ਸਿਰਫ ਕੁਝ ਖਾਸ ਅਭਿਆਸ ਦੀ ਘਾਹ ਕਟਾਈ ਕੀਤੀ ਜਾ ਸਕਦੀ ਹੈ।

## ਗੈਰ-ਐਮਰਜੇਂਸੀ ਘਾਹ ਕਟਾਈ ਅਤੇ ਚਰਾਉਣਾ

ਆਮ ਤੌਰ 'ਤੇ, ਗੈਰ-ਐਮਰਜੈਂਸੀ ਘਾਹ ਕਟਾਈ ਦੀ ਵਰਤੋਂ ਹਰ ਤਿੰਨ ਸਾਲਾਂ ਵਿੱਚ ਕੀਤੀ ਜਾ ਸਕਦੀ ਹੈ ਅਤੇ ਗੈਰ-ਐਮਰਜੈਂਸੀ ਚਰਾਉਣ ਦੀ ਵਰਤੋਂ ਹਰ ਦੋ ਸਾਲਾਂ ਵਿੱਚ ਕੀਤੀ ਜਾ ਸਕਦੀ ਹੈ। ਨਵੇਂ ਅਤੇ ਸ਼ੁਰੂਆਤੀ ਕਿਸਾਨਾਂ ਲਈ ਵਾਧੂ ਚਰਾਉਣ ਦੀ ਸਹੂਲਤ ਉਪਲੱਬਧ ਹੋ ਸਕਦੀ ਹੈ।

| ਗੈਰ-ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣਾ* | | |
|---|---|---|
| **ਮਨਜ਼ੂਰ ਕੀਤੀ ਗਤੀਵਿਧੀ** | **ਆਵਿਰਤੀ** | **ਭੁਗਤਾਨ ਘਾਟ ਪ੍ਰਤੀਸ਼ਤਤਾ** |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਗੈਰ-ਐਮਰਜੈਂਸੀ ਘਾਹ ਕਟਾਈ | ਹਰ ਦੂਜੇ ਸਾਲ ਨਾਲੋਂ ਜ਼ਿਆਦਾ ਨਹੀਂ | 25 ਪ੍ਰਤੀਸ਼ਤ |
| ਪ੍ਰਾਇਮਰੀ ਨੈਸਟਿੰਗ ਮੌਸਮ ਦੌਰਾਨ ਗੈਰ-ਐਮਰਜੈਂਸੀ ਘਾਹ ਕਟਾਈ | ਸਟਾਕਿੰਗ ਦਰ ਵਿੱਚ 50 ਪ੍ਰਤੀਸ਼ਤ ਦੀ ਘਾਟ ਦੇ ਨਾਲ ਹਰ ਦੂਜੇ ਸਾਲ ਤੋਂ ਜ਼ਿਆਦਾ ਨਹੀਂ | |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਹਮਲਾਵਰ ਪ੍ਰਜਾਤੀਆਂ ਨੂੰ ਨਿਯੰਤਰਿਤ ਕਰਨ ਲਈ ਗੈਰ-ਐਮਰਜੈਂਸੀ ਚਰਾਉਣਾ | ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ, ਜਿਵੇਂ ਕਿ ਕੁਡਜ਼ੂ ਅਤੇ ਹੋਰ ਹਮਲਾਵਰ ਪ੍ਰਜਾਤੀਆਂ ਨੂੰ ਨਿਯੰਤਰਿਤ ਕਰਨ ਲਈ ਸੰਭਾਲ (ਕੰਜ਼ਰਵੇਸ਼ਨ) ਯੋਜਨਾ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ | |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਬਾਇਓਮਾਸ ਲਈ ਗੈਰ-ਐਮਰਜੈਂਸੀ ਘਾਹ ਜਾਂ ਫਸਲ ਦੀ ਕਟਾਈ | ਨਾ ਕੱਟੇ ਗਏ ਰਕਬੇ ਦੇ 25 ਪ੍ਰਤੀਸ਼ਤ ਦੇ ਨਾਲ ਹਰ 3 ਸਾਲ ਵਿੱਚ ਇੱਕ ਵਾਰ ਤੋਂ ਵੱਧ ਨਹੀਂ। 31 ਅਗਸਤ ਤੋਂ ਬਾਅਦ ਨਹੀਂ | |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਗੈਰ-ਐਮਰਜੈਂਸੀ ਸ਼ੁਰੂਆਤੀ ਕਿਸਾਨ ਦੁਆਰਾ ਚਰਾਉਣਾ | ਇਕਰਾਰਨਾਮੇ ਵਿੱਚ ਸਿਫ਼ਰ ਤੋਂ ਵੱਧ ਹਿੱਸੇ ਵਾਲੇ ਸ਼ੁਰੂਆਤੀ ਕਿਸਾਨ ਜਾਂ ਰੈਂਚਰ ਵਲੋਂ ਸਲਾਨਾ ਤੌਰ 'ਤੇ ਪ੍ਰਬੰਧ ਕੀਤਾ ਜਾ ਸਕਦਾ ਹੈ | ਕੋਈ ਨਹੀਂ |
| ਪ੍ਰਾਇਮਰੀ ਨੈਸਟਿੰਗ ਮੌਸਮ ਤੋਂ ਬਾਹਰ ਗੈਰ-ਐਮਰਜੈਂਸੀ ਪ੍ਰਸੰਗਿਕ ਚਰਾਉਣਾ | ਖੇਤੀਬਾੜੀ ਉਤਪਾਦਨ ਲਈ ਵਰਤੇ ਜਾਂਦੇ ਖੇਤਾਂ ਦੇ ਆਲੇ ਦੁਆਲੇ ਦੇ ਬੱਫਰਜ਼ ਦੀ ਰੁੱਕ-ਰੁੱਕ ਕੇ ਅਤੇ ਮੌਸਮੀ ਚਰਾਈ ਫਸਲ ਦੀ ਕਟਾਈ ਤੋਂ 60 ਦਿਨਾਂ ਬਾਅਦ ਤੱਕ ਜਾਂ ਕਟਾਈ ਤੋਂ ਪਹਿਲਾਂ ਅਨਾਜ ਦੀ ਛੋਟੀ ਮਿਆਦ ਦੀ ਅਸਕ੍ਰਿਯਤਾ ਦੌਰਾਨ ਹਰ ਸਾਲ ਕੀਤੀ ਜਾ ਸਕਦੀ ਹੈ। | |
| ਗੈਰ-ਐਮਰਜੈਂਸੀ ਫਸਲ ਦੀ ਰਹਿੰਦ ਖੂਹੰਦ ਨੂੰ ਚਰਾਉਣਾ | ਕਵਰ ਨੂੰ 60 ਦਿਨਾਂ ਤੱਕ ਸਥਾਪਤ ਕਰਨ ਤੋਂ ਪਹਿਲਾਂ CRP -1 ਦੇ ਪਹਿਲੇ ਸਾਲ ਦੇ ਪਤਝੜ ਵਿੱਚ ਇੱਕ ਵਾਰ ਕੀਤਾ ਜਾ ਸਕਦਾ ਹੈ | |

**ਇਹ ਯਕੀਨੀ ਬਣਾਉਣ ਲਈ ਕਿ ਲੰਮੇ ਸਮੇਂ ਦਾ ਕੋਈ ਨੁਕਸਾਨ ਨਾ ਹੋਵੇ, ਸੰਭਾਲ ਕਵਰ ਲਈ ਇੱਕ ਸੰਭਾਲ ਯੋਜਨਾ ਵਿੱਚ ਸੋਧ ਦੇ ਅਧੀਨ।*

**ਯੋਗ ਅਭਿਆਸ**

ਸਾਰੇ ਅਭਿਆਸ CP12 ਜੰਗਲੀ ਜੀਵਨ ਭੋਜਨ ਜਮੀਨ ਅਤੇ ਕੁਝ ਦਰਖ਼ਤ ਅਭਿਆਸਾਂ ਨੂੰ ਛੱਡ ਕੇ ਗੈਰ-ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਲਈ ਯੋਗ ਹਨ। ਅਯੋਗ ਅਭਿਆਸਾਂ ਦੀ ਪੂਰੀ ਸੂਚੀ ਲਈ ਆਪਣੇ FSA ਦਫਤਰ ਨਾਲ ਸੰਪਰਕ ਕਰੋ।

## ਅਯੋਗ ਏਕੜ

ਗੈਰ-ਐਮਰਜੈਂਸੀ ਅਤੇ ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣਾ ਦੋਵਾਂ ਲਈ ਅਯੋਗ ਖੇਤਰ ਵਿੱਚ ਹੇਠਾ ਦਿੱਤਿਆਂ ਲਈ ਸਮਰਪਤ ਏਕੜ ਸ਼ਾਮਲ ਹਨ:

- ਜ਼ਿੰਦਗੀ ਦੀਆਂ ਉਪਯੋਗੀ ਸਹੂਲਤਾਂ;
- ਕਿਸੇ ਪਾਣੀ ਦੇ ਪ੍ਰਵਾਹ ਜਾਂ ਹੋਰ ਸਥਾਈ ਜਲ ਇਕਾਈ ਦੇ 20 ਫੁੱਟ ਦੇ ਅੰਦਰ ਦੀ ਜ਼ਮੀਨ; ਅਤੇ
- ਕੋਈ ਵੀ ਏਕੜ ਜਿਥੇ ਘਾਹ ਕਟਾਈ ਅਤੇ ਚਰਾਉਣਾ CRP ਕਵਰ ਨੂੰ ਲੰਮੇ ਸਮੇਂ ਲਈ ਨੁਕਸਾਨ ਪਹੁੰਚਾਵੇਗਾ।

## ਸੋਧ ਕੀਤੀ ਸੰਭਾਲ ਯੋਜਨਾ

ਇਸ ਤੋਂ ਪਹਿਲਾਂ ਕਿ CRP ਏਕੜਾਂ ਨੂੰ ਘਾਹ ਕਟਾਈ ਜਾਂ ਚਰਾਉਣ ਦੇ ਯੋਗ ਘੋਸ਼ਿਤ ਕੀਤਾ ਜਾਵੇ, NRCS ਜਾਂ ਤਕਨੀਕੀ ਸੇਵਾ ਪ੍ਰਦਾਤਾ ਦੁਆਰਾ ਵਿਕਸਤ ਇੱਕ ਸੰਸ਼ੋਧਿਤ ਸੰਭਾਲ ਯੋਜਨਾ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ। ਸੋਧੀ ਹੋਈ ਸੰਭਾਲ ਯੋਜਨਾ ਸਾਈਟ ਵਿਸ਼ੇਸ਼ ਹੋਣੀ ਚਾਹੀਦੀ ਹੈ, ਇਸ ਵਿੱਚ ਅਧਿਕਾਰਤ ਮਿਆਦ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਇਹ ਸਥਾਨਕ ਜੰਗਲੀ ਜੀਵਨ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ। ਮੁਢਲਾ ਉਦੇਸ਼ ਜ਼ਰੂਰੀ ਤੌਰ ਤੇ ਬਨਸਪਤੀ ਕਵਰ ਨੂੰ ਬਰਕਰਾਰ ਰੱਖਣਾ, ਮਿੱਟੀ ਦੀ ਕਟਾਈ ਨੂੰ ਘੱਟੋ-ਘੱਟ ਕਰਨਾ ਅਤੇ ਪਾਣੀ ਦੀ ਗੁਣਵੱਤਾ ਅਤੇ ਜੰਗਲੀ ਜੀਵਨ ਬਸੇਰੇ ਦੀ ਗੁਣਵੱਤਾ ਦੀ ਰੱਖਿਆ ਕਰਨਾ ਹੋਣਾ ਚਾਹੀਦਾ ਹੈ। ਇਨ੍ਹਾਂ ਯੋਜਨਾਵਾਂ ਨੂੰ ਲਾਜ਼ਮੀ ਤੌਰ ਤੇ ਸੰਭਾਲ ਕਵਰ ਨੂੰ ਲੰਬੇ ਸਮੇਂ ਦੇ ਹੋਣ ਵਾਲੇ ਨੁਕਸਾਨ ਤੋਂ ਰੋਕਣਾ ਚਾਹੀਦਾ ਹੈ।

## ਸ਼ੁਰੂ ਕਰਨ ਤੋਂ ਪਹਿਲਾਂ ਬੇਨਤੀ ਦਾਇਰ ਕਰੋ

ਐਮਰਜੈਂਸੀ ਜਾਂ ਗੈਰ-ਐਮਰਜੈਂਸੀ ਘਾਹ ਕਟਾਈ ਅਤੇ ਚਰਾਉਣ ਦੀ ਬੇਨਤੀ ਕਰਨ ਵਾਲੇ CRP ਭਾਗੀਦਾਰਾਂ ਨੂੰ **ਗਤੀਵਿਧੀ ਸ਼ੁਰੂ ਕਰਨ ਤੋਂ ਪਹਿਲਾਂ** ਆਪਣੇ ਕਾਉਂਟੀ FSA ਦਫ਼ਤਰ ਕੋਲ ਘਾਹ ਕਟਾਈ ਜਾਂ ਚਰਾਏ ਜਾਣ ਵਾਲੇ ਏਕੜਾਂ ਬਾਰੇ ਦੱਸਦੇ ਹੋਏ **ਲਾਜ਼ਮੀ ਤੌਰ ਤੇ ਬੇਨਤੀ ਦਾਇਰ ਕਰਨੀ ਚਾਹੀਦੀ ਹੈ**।



## ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਯੋਗਤਾ ਸ਼ਰਤਾਂ ਜਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਦਾ ਪਤਾ ਲਗਾਉਣ ਲਈ **farmers.gov ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ**। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, **farmers.gov/service-center-locator** ਤੇ ਜਾਓ।



USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।